Moms in Prayer INTERNATIONAL

ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ

# ਨੀਤੀਆਂ

**ਹਰੇਕ ਸਮੂਹ ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ ਦੀਆਂ ਨੀਤੀਆਂ ਦੀ ਪਾਲਣਾ ਕਰਨ ਲਈ ਜਿੰਮੇਵਾਰ ਹੈ। ਉਹ ਵਕਲਪਿਕ ਨਹੀਂ ਹਨ।**

1. ਜਿਹੜਾ ਵੀ ਵਿਅਕਤੀ ਜਾਂ ਸਮੂਹ ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ ਦੇ ਇਮਾਨ ਦਾ ਅਕੀਦਾ ਭਾਵ ਵਿਸ਼ਵਾਸ ਵਾਕ ਦੀਆਂ ਨੀਤੀਆਂ ਉੱਤੇ ਬਣਿਆ ਨਹੀਂ ਰਹਿੰਦਾ ਉਸ ਨੂੰ ਪ੍ਰਾਰਥਨਾ ਵਿੱਚ ਮਾਵਾਂ ਦਾ ਨਾਮ ਜਾਂ ਮਾਰਕੇ ਦਾ ਇਸਤੇਮਾਲ ਕਰਨ, ਅਤੇ ਨਾ ਹੀ ਕਿਸੇ ਵੀ ਤਰੀਕੇ ਨਾਲ ਸੇਵਾਕਾਈ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਹੋਵੇਗਾ।

2. ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ ਕਿਸੇ ਵੀ ਪੱਖੋਂ ਰਾਜਨੀਤਿਕ ਸਮੂਹ ਨਹੀਂ ਹੈ। ਬਾਹਰੀ ਰਾਜਨੀਤਿਕ ਜਾਂ ਸਮਾਜਕ ਵਿਸ਼ਿਆਂ ਵਿੱਚ ਹਿੱਸੇਦਾਰੀ ਪੂਰੀ ਤਰ੍ਹਾਂ ਨਿੱਜੀ ਤੌਰ ਤੇ ਹੀ ਹੋਣੀ ਚਾਹੀਦੀ ਹੈ। ਕਿਸੇ ਵੀ ਹਾਲ ਵਿੱਚ ਬਾਹਰੀ ਵਿਸ਼ਿਆਂ ਦੇ ਨਾਲ ਪ੍ਰਾਰਥਨਾ ਵਿੱਚ ਮਾਵਾਂ ਦਾ ਨਾਮ ਜੋੜ੍ਹਿਆ ਨਾ ਜਾਵੇ।

3. ਵਿਸ਼ਵਾਸ ਯੋਗਤਾ ਸੇਵਾਕਾਈ ਵਿੱਚ ਇਮਾਨਦਾਰੀ ਲੈ ਕੇ ਆਉਂਦੀ ਹੈ; ਇਸ ਲਈ, ਸਾਰੀਆਂ ਪ੍ਰਾਰਥਨਾਂ ਦੀਆਂ ਬੇਨਤੀਆਂ ਨੂੰ ਗੰਭੀਰਤਾ ਨਾਲ ਆਪਣੇ ਤਾਈ ਰੱਖਿਆ ਜਾਵੇ।

4. ਪ੍ਰਾਰਥਨਾ ਵਿੱਚ ਮਾਵਾਂ ਸਮੂਹ ਆਪਣੀਆਂ ਸਭਾਵਾਂ ਸਕੂਲ ਦੇ ਜਨਤਕ ਮੈਦਾਨਾਂ ਵਿੱਚ ਨਹੀਂ ਰੱਖਦਾ। ਅਸੀਂ ਸਕੂਲਾਂ ਲਈ ਪ੍ਰਾਰਥਨਾ ਕਰਦੇ ਹਾਂ, ਪਰ ਸਕੂਲਾਂ ਵਿੱਚ ਜਾ ਕੇ ਨਹੀਂ।

5. ਪ੍ਰਾਰਥਨਾ ਵਿੱਚ ਮਾਵਾਂ ਸਮੂਹ ਪ੍ਰਾਰਥਨਾ ਕਰਨ ਲਈ ਬੇਨਤੀ ਪੱਤਰ ਦੀ ਮੰਗ ਨਹੀਂ ਕਰਦਾ ਨਾ ਹੀ ਕਿਸੇ ਸਕੂਲ ਵਿੱਚ ਪ੍ਰਾਰਥਨਾ ਦੇ ਬੇਨਤੀ ਪੱਤਰ ਲਈ ਕੋਈ ਬਾੱਕਸ ਰੱਖਦਾ ਹੈ।

6. ਪ੍ਰਾਰਥਨਾ ਵਿੱਚ ਮਾਵਾਂ ਸਮੂਹ ਸਕੂਲਾਂ ਨੂੰ ਮੈਂਬਰਸ਼ਿਪ ਲੈਣ ਲਈ ਬੇਨਤੀ ਨਹੀਂ ਕਰਦਾ।

7. ਬਿਨ੍ਹਾਂ ਆਗਿਆ ਦੇ ਪ੍ਰਾਰਥਨਾ ਵਿੱਚ ਮਾਵਾਂ ਦਾ ਨਾਮ ਜਾਂ ਮਾਰਕਾ ਇਸਤੇਮਾਲ ਕਰਨ ਦੀ ਮਨਾਹੀ ਹੈ। ਇਹ ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ ਦੀ ਸੇਵਾਕਾਈ ਦਾ ਮਾਰਕਾ ਹੈ, ਇਸ ਦਾ ਇਸਤੇਮਾਲ ਕਰਨ ਲਈ ਨਿਸ਼ਚਿਤ ਤੌਰ ਤੇ, ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ ਤੋਂ ਲਿਖਤੀ ਆਗਿਆ ਦੀ ਲੋੜ੍ਹ ਹੈ।

8. ਪ੍ਰਾਰਥਨਾ ਵਿੱਚ ਮਾਵਾਂ ਦੀ ਕਾਰਜ ਕ੍ਰਮ ਦੀ ਸੂਚੀ ਸਿਰਫ ਸੇਵਾਕਾਈ ਦੀ ਵਰਤੋ ਲਈ ਹੀ ਹੈ। ਕਿਸੇ ਵੀ ਹਲਾਤਾਂ ਵਿੱਚ ਇਨ੍ਹਾਂ ਦੀ ਕਿਸੇ ਹੋਰ ਵਿਅਕਤੀ, ਸੰਸਥਾ, ਕਾਰੋਬਾਰ ਜਾਂ ਬਾਹਰੀ ਸਮੂਹ ਦੁਆਰਾ ਵਰਤੋਂ ਜਾਂ ਸਾਂਝੀ ਨਾ ਕੀਤੀ ਜਾਵੇ ਅਤੇ ਨਾ ਹੀ ਉਨ੍ਹਾਂ ਨੂੰ ਦਿਤੀ ਜਾਵੇ।

9. ਕਿਸੇ ਵੀ ਤਰ੍ਹਾਂ ਦੇ ਵਿਗਿਆਪਨ ਲਈ ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ ਦੀ ਸਮੱਗਰੀ ਜਾਂ ਇਸ ਦਾ ਕੋਈ ਹਿੱਸਾ ਨਾ ਲਿਆ ਜਾਵੇ।

10. ਇੱਕ ਮਨ ਨਾਲ ਵਾਰਤਾਲਾਪ ਦੀ ਪ੍ਰਾਰਥਨਾ ਕਰਨ ਦੇ ਲਈ ਅਤੇ ਪ੍ਰਾਰਥਨਾ ਦੇ ਚਾਰ ਪਹਿਲੂਆਂ ਨੂੰ ਲਾਗੂ ਕਰਨ ਲਈ, ਮਾਵਾਂ ਦੀ ਪ੍ਰਾਰਥਨਾ ਦੇ ਸਮੇਂ ਦੌਰਾਨ ਅਸੀਂ ਆਤਮਿਕਤਾ ਦੇ ਵੱਖ ਵੱਖ ਰੂਪਾਂ ਦੇ ਅਭਿਆਸ ਅਤੇ ਬਹੁਤ ਸਾਰੀਆਂ ਧਾਰਨਾਵਾਂ ਤੋਂ ਪਰ੍ਹੇ ਹੱਟ ਕੇ ਪ੍ਰਾਰਥਨਾ ਕਰਦੇ ਹਾਂ, ਜਿਵੇਂ ਕਿ ਗੈਰ ਭਾਸ਼ਾ ਬੋਲਣਾ ਅਤੇ ਪ੍ਰਾਰਥਨਾ ਦੇ ਹੋਰ ਸੰਭਵ ਰੂਪਾਂ ਨਾਲ। ਇਹ ਬਿਨ੍ਹਾਂ ਉਦੇਸ਼-ਬਿਨ੍ਹਾਂ ਪਰਖ ਦੇ ਕੀਤੀ ਜਾਂਦੀ ਹੈ। ਹਰ ਇੱਕ ਔਰਤ ਦਾ ਇਸ ਵਿੱਚ ਸ਼ਾਮਲ ਹੋਣ ਤੇ ਇਸ ਨੂੰ ਸੰਭਵ ਬਣਾਉਣ ਲਈ ਅਸੀਂ ਭਿੰਨਤਾ ਵਿੱਚ ਏਕਤਾ ਦਾ ਆਦਰ ਕਰਦੇ ਹਾਂ।

11. ਪ੍ਰਾਰਥਨਾ ਵਿੱਚ ਮਾਵਾਂ ਸਮੂਹ ਅਯੋਗ ਗੱਲਾਂ ਜਾਂ ਕਿਸੇ ਵੀ ਅਲੋਚਨਾਤਮਕ ਪ੍ਰਕਾਰ ਦੀ ਗੱਲਬਾਤ ਵਿੱਚ ਸ਼ਾਮਲ ਨਾ ਹੋਣ।

12. ਪ੍ਰਾਰਥਨਾ ਵਿੱਚ ਮਾਵਾਂ ਇੱਕ ਆਦਮੀ ਅਤੇ ਇੱਕ ਔਰਤ ਦੇ ਵਿਚਕਾਰ ਵਾਚਾ ਦੇ ਸਬੰਧ ਵਜੋਂ ਬਾਈਬਲ ਸਬੰਧੀ ਵਿਆਹ ਵਿੱਚ ਵਿਸ਼ਵਾਸ ਰੱਖਦੀ ਹੈ।

13. ਪ੍ਰਾਰਥਨਾ ਵਿੱਚ ਮਾਵਾਂ ਸਮੂਹ ਖਾਸ ਕਰਕੇ ਔਰਤਾਂ ਲਈ ਹੀ ਹਨ।

© 2022 Moms in Prayer International